# ਸ਼ਹੀਦ ਭਗਤ ਸਿੰਘ ਦੇ ਕੇਸ ਸਬੰਧੀ ਕੁੱਝ ਤੱਥ

**ਮਲਵਿੰਦਰ ਜੀਤ ਸਿੰਘ ਵੜੈਚ**

ਭਗਤ ਸਿੰਘ ਦੀਆਂ ਦਸੰਬਰ 1928, ਭਾਵ ਸਾਂਡਰਸ ਕਤਲ ਵੇਲੇ ਤਕ, ਰਾਜਸੀ ਸਰਗਰਮੀਆਂ ਦੋਵੇਂ ਤਰ੍ਹਾਂ ਦੀਆਂ ਸਨ — ਖੁਲ੍ਹੀਆਂ ਅਤੇ ਖੁਫੀਆ। ਖੁਲ੍ਹੀਆਂ ਦਾ ਪਲੇਟਫਾਰਮ ਸੀ — ਨੌਜਵਾਨ ਭਾਰਤ ਸਭਾ, ਜੋ ਮਾਰਚ 1926 ਵਿੱਚ ਕਾਇਮ ਹੋਈ ਸੀ ਅਤੇ ਰਾਜਸੀ ਏਜੰਡੇ ਦੇ ਨਾਲ ਉਸਦੇ ਸਮਾਜਿਕ ਏਜੰਡੇ ਵੀ ਸਨ। ਭਗਤ ਸਿੰਘ ਅਤੇ ਸੁਖਦੇਵ ਦੀਆਂ ਖੁਫੀਆ ਸਰਗਰਮੀਆਂ ਦਾ ਖੇਤਰ 1923-24 ਤੋਂ ਲੈ ਕੇ ਲਗਭਗ ਸਤੰਬਰ 1928 ਤੱਕ ਯੂ.ਪੀ. 'ਚ ਕੇਂਦਰਤ ਸੀ, ਜੋ ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਦੇ ਕਾਰਕੁਨਾਂ ਵਜੋਂ ਸੀ — ਜੋ ਉਨ੍ਹੀਂ ਦਿਨੀਂ ਪਹਿਲਾਂ ਬਿਸਮਿਲ ਤੇ ਉਹਦੀ ਫਾਂਸੀ ਪਿਛੋਂ ਜੋਗੇਸ਼ ਚੈਟਰਜੀ ਨੂੰ ਜੇਲ੍ਹੋਂ ਛੁਡਾਉਣ ਸੰਬੰਧੀ ਸੀ।

ਹਾਲਾਂਕਿ ਪੰਜਾਬ ਦੀ ਸੀ.ਆਈ.ਡੀ. ਦੇ ਉੱਚ ਅਧਿਕਾਰੀਆਂ ਨੂੰ ਭਗਤ ਸਿੰਘ ਦੀਆਂ ਖੁਫੀਆ ਸਰਗਰਮੀਆਂ ਬਾਰੇ ਜਾਣਕਾਰੀ ਸੀ ਹੀ, ਤਾਂ ਹੀ ਓਹਦੀ ਡਾਕ 1926 ਤੋਂ ਹੀ censor ਕੀਤੀ ਜਾ ਰਹੀ ਸੀ ਤੇ ਮਈ 1927 ਦੌਰਾਨ ਉਹਦੀ ਪਹਿਲੀ ਗ੍ਰਿਫਤਾਰੀ ਦਾ ਵੀ ਇਹੋ ਹੀ ਪਿਛੋਕੜ ਸੀ।

ਪਰ ਪੰਜਾਬ ਪੁਲਿਸ ਕੋਲ ਸਮੂਚੇ ਰੂਪ ਵਿੱਚ ਭਗਤ ਸਿੰਘ ਦੀ ਪਛਾਣ ਕੇਵਲ 'ਨੌਜਵਾਨ ਭਾਰਤ ਸਭਾ' ਵਾਲੀ ਹੀ ਸੀ।

ਜਿਹੜੀ ਨਵੀਂ ਪਾਰਟੀ, ਐਚ.ਐਸ.ਆਰ.ਏ. ਸਤੰਬਰ 1928 ਨੂੰ ਦਿੱਲੀ ਵਿੱਚ ਬਣੀ ਸੀ, ਉਹਦੀ ਜਾਣਕਾਰੀ ਬਹੁਤ ਪਿਛੋਂ ਜਾਕੇ ਵਾਦਾ ਮਾਫ ਗਵਾਹਾਂ ਦੇ ਬਿਆਨਾਂ ਤੋਂ ਹੀ ਨਸ਼ਰ ਹੋਈ ਸੀ। ਇਸ ਨਵੀਂ ਪਾਰਟੀ ਦਾ ਵਿਧਾਨ — collective leadership ਸੀ — Central Committee ਦੇ 7 ਮੈਂਬਰ ਸਨ, ਜਿਨ੍ਹਾਂ ਵਿੱਚ ਪੰਜ ਵੱਖੋ-ਵੱਖ ਸੂਬਿਆਂ ਦੇ ਸਨ ਤੇ ਭਗਤ ਸਿੰਘ ਅਤੇ ਵਿਜੇ ਕੁਮਾਰ ਸਿਨ੍ਹਾ coordinator ਸਨ।

ਸਾਰੇ ਫੈਸਲੇ ਸੈਂਟ੍ਰਲ ਕਮੇਟੀ ਦੇ ਤਹਿਤ ਸਨ, ਤੇ ਫੌਜੀ ਵਿੰਗ ਦਾ ਇੰਚਾਰਜ ਆਜ਼ਾਦ ਸੀ, ਜੀਹਨੇ ਕਮੇਟੀ ਦੀ ਆਗਿਆ ਦਾ ਪਾਲਣ ਕਰਨਾ ਸੀ। ਇਹ ਪਹਿਲੀ ਵਾਰ ਸੀ ਕਿ ਕਿਸੇ ਇਨਕਲਾਬੀ ਗਰੁਪ ਦਾ ਕੋਈ Boss ਨਹੀਂ ਸੀ ਥਾਪਿਆ ਗਿਆ।

ਚੂੰਕਿ ਭਗਤ ਸਿੰਘ ਨੇ ਸਾਰੇ ਦੇਸ਼ ਵਿੱਚ ਘੁੰਮਣਾ-ਫਿਰਨਾ ਸੀ ਤੇ ਛੇਤੀ ਹੀ ਉਹਨੇ ਬਿਹਾਰ ਜਾਣਾ ਸੀ, ਜਿਥੇ ਕੇਸਾਧਾਰੀ ਹੁੰਦਿਆਂ ਉਹਦੇ ਝੱਟ ਪਛਾਣੇ ਜਾਣ ਦਾ ਖਦਸ਼ਾ ਸੀ, ਇਸ ਲਈ ਦਿੱਲੀਓਂ ਲਾਹੌਰ ਜਾਂਦਿਆਂ ਉਹਨੇ ਅੱਧ ਸਤੰਬਰ 1928 'ਚ ਫਿਰੋਜ਼ਪੁਰ ਵਿਖੇ ਆਪਣੇ ਵਾਲ ਕਟਵਾਏ ਸੀ।

17 ਨਵੰਬਰ ਨੂੰ ਲਾਲਾ ਜੀ ਦੀ ਮੌਤ ਹੋਈ — ਲੋਕੀ ਅੰਦਰੋ-ਅੰਦਰੀ ਭੁਜ ਰਹੇ ਸਨ। ਇਹਨਾਂ ਨੌਜਵਾਨਾਂ ਨੇ ਸਰਕਾਰ ਨੂੰ ਸਬਕ ਸਿਖਾਉਣ ਦਾ ਇਹ ਸੁਨਹਿਰੀ ਮੌਕਾ ਮੰਨ ਲਿਆ, ਹਾਲਾਂਕਿ ਉਹ ਲਾਲਾ ਜੀ ਦੀ ਨੰਗੀ-ਪੁੰਗੀ ਫਿਰਕੂ ਸਿਆਸਤ ਕਰਕੇ ਉਹਨਾਂ ਦੇ ਵਿਰੋਧ ਵਿੱਚ ਭੁਗਤ ਰਹੇ ਸਨ।

17 ਦਸੰਬਰ ਵਾਲਾ 'ਐਕਸ਼ਨ', ਨਿਰੋਲ ਭਾਵੁਕ ਹੀ ਨਹੀਂ ਸੀ, ਬਲਕਿ ਇੱਕ ਸੋਚਿਆ-ਸਮਝਿਆ ਕਦਮ ਸੀ, ਜੀਹਦੀ ਤਿਆਰੀ ਆਜ਼ਾਦ ਵਰਗੇ ਸੁਘੜ ਜਰਨੈਲ ਨੇ ਪੂਰੇ ਫੌਜੀ ਅੰਦਾਜ ਨਾਲ ਕੀਤੀ ਹੋਈ ਸੀ। ਕਈ ਦਿਨ ਪਹਿਲਾਂ ਪੰਜਾਬੋ ਬਾਹਰਲੇ ਸਾਥੀ ਵੀ ਲਾਹੌਰ ਬੁਲਾ ਲਏ ਗਏ ਸਨ ਤੇ ਗੋਲੀ ਗੱਟਾ ਸਭ ਜੁਟਾ ਲਿਆ ਗਿਆ ਹੋਇਆ ਸੀ।

**ਵਾਰਦਾਤ ਦੀ ਵਿਉਂਤ**

ਸਾਰੀ ਸਥਿਤੀ ਨੂੰ ਵਾਚਣ ਉਪਰੰਤ 17 ਦਸੰਬਰ ਨੂੰ ਚਾਰ ਕੁ ਵਜੇ ਜੈਗੋਪਾਲ ਨੇ ਸਕਾਟ (ਐੱਸ.ਪੀ.) ਦੇ ਦਫ਼ਤਰ ਬਾਹਰ

ਸਾਈਕਲ ਨਾਲ ਟਹਿਲਣਾ ਸੀ। ਰਾਜਗੁਰੂ ਅਤੇ ਭਗਤ ਸਿੰਘ ਨੇ ਰਿਵਾਲਰ ਅਤੇ ਪਿਸਟਨ ਨਾਲ ਸਾਹਮਣੇ ਹੀ ਰਹਿਣਾ ਸੀ ਤੇ ਜੈਗੋਪਾਲ ਦੇ ਇਸ਼ਾਰੇ 'ਤੇ ਉਹਨਾਂ ਗੋਲੀ ਚਲਾਉਣੀ ਸੀ। ਪਰ ਕੁਝ ਭੁਲੇਖੇ ਕਰਕੇ ਰਾਜਗੁਰੂ ਨੇ ਕਾਹਲੀ-ਕਾਹਲੀ 'ਚ ਉਸ ਮੌਕੇ ਮੋਟਰ ਸਾਇਕਲ ਤੇ ਬਾਹਰ ਨਿਕਲ ਰਹੇ ਏ.ਐੱਸ.ਪੀ. ਸਾਂਡਰਸ ਤੇ ਫਾਇਰ ਕਰ ਦਿੱਤਾ ਤਾਂ ਫਿਰ ਭਗਤ ਸਿੰਘ ਨੂੰ ਵੀ ਪੂਰੀ ਮੈਗਜ਼ੀਨ ਖਾਲੀ ਕਰਨੀ ਪਈ ਕਿ ਕਿਤੇ ਬਚ ਨਾ ਜਾਏ।

ਇਸ ਘਟਨਾ ਦੌਰਾਨ ਇਨਸਪੈਕਟਰ ਫਰਨ ਜੋ ਮੌਕੇ ਤੇ ਮੌਜੂਦ ਸੀ ਇਹਨਾਂ ਮਗਰ ਭੱਜਿਆ, ਪਰ ਅੱਗੋਂ ਰਾਜਗੁਰੁ ਦੇ ਫਾਇਰ ਕਰਨ ਤੋਂ ਬਚਦਾ ਬਚਦਾ ਥਿੜਕ ਕੇ ਡਿਗ ਪਿਆ।

ਐਨੇ ਨੂੰ ਸਾਂਡਰਸ ਦਾ ਅਰਦਲੀ, ਚੰਨਣ ਸਿੰਘ ਉਹਨਾਂ ਮਗਰ ਭਜਦਾ-ਭਜਦਾ ਡੀ.ਏ.ਵੀ. ਕਾਲਜ ਅੰਦਰ ਚਲਾ ਗਿਆ, ਜੋ ਆਜ਼ਾਦ ਦੀ ਚਿਤਾਵਨੀ ਦੇ ਬਾਵਜੂਦ ਵੀ ਜਦ ਨਾ ਰੁਕਿਆ ਤਾਂ ਆਜ਼ਾਦ ਨੇ ਗਿਣ-ਮਿਥ ਕੇ ਉਹਦੇ ਪੱਟ ਤੇ ਗੋਲੀ ਮਾਰੀ, ਜਿਸ ਨਾਲ ਉਹ ਉਥੇ ਹੀ ਡਿਗ ਪਿਆ।

ਵਾਰਦਾਰ ਵੇਲੇ ਭਗਤ ਸਿੰਘ ਅਤੇ ਰਾਜਗੁਰੂ ਨੇ ਸਿਰ ਤੇ ਕਾਲੀਆਂ ਟੋਪੀਆਂ ਪਾਈਆਂ ਹੋਈਆਂ ਸਨ — ਲਾਹੌਰ ਪੁਲਿਸ ਨੂੰ ਰਾਜਗੁਰੂ ਬਾਰੇ ਤਾਂ ਕੁਝ ਵੀ ਜਾਣਕਾਰੀ ਨਹੀਂ ਸੀ, ਤੇ ਭਗਤ ਸਿੰਘ ਉਹਨਾਂ ਦੇ ਹਿਸਾਬ ਨਾਲ ਕੇਸਾਧਾਰੀ ਸੀ, ਇਸ ਲਈ ਭਗਤ ਸਿੰਘ ਵੱਲ ਸ਼ੱਕ ਦੀ ਸੂਈ ਜਾ ਹੀ ਨਹੀਂ ਸੀ ਸਕਦੀ।

ਜਥੇਬੰਦਕ ਪੱਧਰ ਤੇ ਪੁਲਿਸ ਨੂੰ ਅਜੇ ਅੱਚ.ਐੱਸ.ਆਰ.ਏ. ਦਾ ਤਾਂ ਪਤਾ ਹੀ ਨਹੀਂ ਸੀ, ਇਸ ਲਈ ਲੈ ਦੇ ਕੇ ਉਹਨਾਂ ਦਾ ਸ਼ਕ ਨੌਜਵਾਨ ਭਾਰਤ ਸਭਾ ਦੇ ਕਾਰਕੁਨਾਂ 'ਤੇ ਪਿਆ ਤੇ ਉਸੇ ਰਾਤੀ ਛਾਪੇਮਾਰੀ ਦੌਰਾਨ ਜਿਹੜਾ ਕਾਬੂ ਆ ਗਿਆ, ਫੜ ਲਿਆ ਗਿਆ ਸੀ, ਜਿਨ੍ਹਾਂ ਵਿੱਚ ਹੰਸ ਰਾਜ ਵੋਹਰਾ ਵੀ ਸ਼ਾਮਿਲ ਸੀ; ਇਨ੍ਹਾਂ ਸਾਰੀਆਂ ਨੂੰ ਹੀ ਕੁਝ ਦਿਨ ਪੁਛ-ਪੜਤਾਲ ਪਿਛੋਂ ਛੱਡ ਦਿੱਤਾ ਗਿਆ ਸੀ।

ਕਤਲ ਪਿਛੋਂ ਰਾਜਗੁਰੂ ਅਤੇ ਭਗਤ ਸਿੰਘ ਤਾਂ ਭੇਸ ਬਦਲ ਕੇ ਦੁਰਗਾ ਭਾਬੀ ਨਾਲ 20 ਦਸੰਬਰ ਸਵੇਰੇ ਕਲਕਤੇ ਵੱਲ ਨੂੰ ਚਲੇ ਗਏ ਅਤੇ ਆਜ਼ਾਦ 26 ਦਸੰਬਰ ਨੂੰ ਪੰਡਤ ਕਿਸ਼ੋਰੀ ਲਾਲ, ਸੁਖਦੇਵ ਦੀ ਭੈਣ ਅਤੇ ਮਾਤਾ ਜੀ ਨਾਲ ਦਿੱਲੀ ਚਲਾ ਗਿਆ।

ਸੋ ਐੱਫ.ਆਈ.ਆਰ. ਵਿੱਚ ਕਿਸੇ ਦਾ ਨਾਂ ਆਉਣਾ ਸੰਭਵ ਹੀ ਨਹੀਂ ਸੀ।

**ਭਗਤ ਸਿੰਘ ਵਿਰੁੱਧ ਕਤਲ ਦੇ ਸਬੂਤ** :

1. ਆਟੋਮੈਟਿਕ ਪਿਸਟਲ, ਜਿਹੜਾ 8.4.1929 ਨੂੰ ਉਹਦੇ ਕੋਲੋਂ ਦਿੱਲੀ ਅਸੈਂਬਲੀ 'ਚ ਮਿਲਿਆ ਸੀ, ਉਹੀ ਪਿਸਟਲ ਸਾਂਡਰਸ ਦੇ ਕਤਲ ਵਿੱਚ ਵਰਤਿਆ ਸਾਬਿਤ ਹੋਇਆ ਸੀ।
2. ਉਹਦੇ ਹਥੀਂ ਲਿਖੇ ਹੋਏ ਪੋਸਟਰ, ਜਿਨ੍ਹਾਂ ਵਿੱਚ ਐੱਚ.ਐੱਸ.ਆਰ.ਏ. ਨੇ ਸਾਂਡਰਸ ਨੂੰ ਮਾਰਨਾ ਕਬੂਲ ਕੀਤਾ ਸੀ।
3. ਸੈਂਟ੍ਰਲ ਕਮੇਟੀ ਦੀਆਂ ਮੀਟਿੰਗਾਂ ਵਿੱਚ ਹਾਜਰੀ, ਜਿਨ੍ਹਾਂ ਵਿੱਚ ਸਾਂਡਰਸ ਨੂੰ ਮਾਰਨਾ ਮਿਥਿਆ ਗਿਆ।

ਤੇ 4. ਕੁਝ ਮੌਕੇ ਦੇ ਗਵਾਹ — ਜਿਵੇਂ ਕਾਰ ਡ੍ਰਾਈਵਰ ਅਬਦੁੱਲਾ ਵਗੈਰਾ।

**ਰਾਜਗੁਰੂ** ਨੂੰ ਵੀ ਕਤਲ ਵਜੋਂ ਫਾਂਸੀ ਦੀ ਸਜ਼ਾ ਹੋਈ ਸੀ।

ਸੁਖਦੇਵ ਦੀ ਭੂਮਿਕਾ **ਸਾਜਿਸ਼ ਦੇ ਦਿਮਾਗ** ਵਜੋਂ ਮਿਥੀ ਗਈ ਸੀ — ਕਿਉਂਕਿ ਪੰਜਾਬ ਯੂਨਿਟ ਦਾ ਉਹ ਇੰਚਾਰਜ ਸੀ ਤੇ ਪਾਰਟੀ ਵਿਧਾਨ ਅਨੁਸਾਰ ਕਿਸੇ ਸੂਬੇ ਅੰਦਰ ਵਾਰਦਾਤ ਸੂਬੇ ਦੇ ਮੁਖੀ ਦੀ ਰਜਾਮੰਦੀ ਬਗੈਰ ਨਹੀਂ ਸੀ ਕੀਤੀ ਜਾ ਸਕਦੀ।

ਜਿੱਥੋਂ ਤੱਕ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨਰ ਵੱਲੋਂ ਕੀਤਾ ਧਾਵਾ ਕਿ ਕਤਲ ਦੇ 450 ਗਵਾਹਾਂ ਨੂੰ ਸੁਣਿਆ ਹੀ ਨਹੀਂ

ਗਿਆ, ਦਰੁਸਤ ਨਹੀਂ। ਅਸਲ ਵਿੱਚ ਟ੍ਰਿਬਿਉਨਲ ਸਾਹਮਣੇ ਕੁਲ 600 ਗਵਾਹਾਂ ਦੀ ਲਿਸਟ ਵਿੱਚੋਂ 457 ਦੀ ਗਵਾਈ ਹੋਈ ਸੀ; ਭਾਵੇਂ ਕਿ ਇਹ ਦਰੁਸਤ ਹੈ ਕਿ ਇਹ ਸਾਰੀ ਕਾਰਵਾਈ ਇੱਕ-ਤਰਫਾ ਹੀ ਸੀ, ਕਿਉਂਕਿ ਟ੍ਰਿਬਿਉਨਲ ਨੂੰ ਇਹ ਇਖ਼ਤਿਆਰ ਹਾਸਿਲ ਸੀ ਕਿ ਜੇ ਮੁਲਜ਼ਿਮ ਜਾਣ-ਬੁਝ ਕੇ ਅਦਾਲਤ ਵਿਚ ਨਾ ਵੀ ਆਉਣ, ਫਿਰ ਵੀ ਕਾਰਵਾਈ ਜਾਰੀ ਰਹੇਗੀ।

ਜਿੱਥੋਂ ਤੱਕ ਉਨ੍ਹਾਂ ਖ਼ਿਲਾਫ਼ ਸਾਂਡਰਸ ਦੇ ਕਤਲ ਦੇ ਦੋਸ਼ ਵਿੱਚ ਸੁਣਾਈ ਗਈ ਫਾਂਸੀ ਦੀ ਸਜ਼ਾ ਨੂੰ ਚੈਲੇਂਜ ਕਰਨ ਦਾ ਸਵਾਲ ਹੈ, ਉਹ ਕਦਾਚਿਤ ਇਹਦੇ ਹੱਕ ਵਿੱਚ ਨਹੀਂ ਸਨ। ਇਨ੍ਹਾਂ ਹਾਲਾਤ ਵਿੱਚ ਕੁਝ ਸੁਹਿਰਦ ਵਕੀਲਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਇਹ ਕਹਿਕੇ ਪ੍ਰਿਵੀ ਕੌਂਸਲ ਵਿੱਚ ਜਾਣ ਲਈ ਮਨਾ ਲਿਆ ਕਿ ਉਥੇ ਕੇਵਲ ਇਕੋ ਹੀ ਮੁੱਦਾ ਹੋਵੇਗਾ ਕਿ ਕੀ ਉਹ 1 ਮਈ 1930 ਵਾਲਾ ਆਰਡੀਨੈਂਸ ਜਿਹਦੇ ਤਹਿਤ ਇਹ ਟ੍ਰਿਬਿਉਨਲ ਸਥਾਪਿਤ ਕੀਤਾ ਗਿਆ ਸੀ, ਕੀ ਸੱਚਮੁਚ ਹਿੰਦੋਸਤਾਨ ਵਿੱਚ ਕੁਝ ਸੰਕਟਮਈ ਹਾਲਾਤ ਮੌਜੂਦ ਸਨ, ਜਿਨ੍ਹਾਂ ਖਾਤਰ ਵਿਧਾਨ ਵਿੱਚ ਅਜਿਹੀ ਵਿਵਸਥਾ ਕੀਤੀ ਗਈ ਹੈ? ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਇਹ ਅਪੀਲ ਖਾਰਿਜ ਹੋ ਗਈ ਸੀ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109
ਫੋਨ: 0172-2556314
ਈਮੇਲ: mjswaraich29@gmail.com

---